International Journal for Multidisciplinary Research (IJFMR)

E-ISSN: 2582-2160 ● Website: www.ijfmr.com ● Email: editor@ijfmr.com

# ਗੁਰੂ ਨਾਨਕ ਦੇਵ ਜੀ : ਸਮਕਾਲੀ ਧਾਰਮਿਕ ਅਧਿਆਤਮਕ ਸੰਕਟ

**ਡਾ. ਨਿਰਮਲਾ ਰਾਣੀ**

ਅਸਿਸਟੈਂਟ ਪ੍ਰੋਫੈਸਰ (ਪੰਜਾਬੀ), ਮਹਾਰਾਣਾ ਪ੍ਰਤਾਪ ਪੋਸਟ ਗ੍ਰੈਜੂਏਟ ਕਾਲਿਜ, ਫਾਰ ਵੂਮੈਨ ਮੰਡੀ ਡੱਬਵਾਲੀ ਜਿਲ੍ਹਾ ਸਿਰਸਾ।

ਗੁਰੂ ਨਾਨਕ ਦੇਵ ਜੀ 15ਵੀਂ ਸਦੀ ਵਿੱਚ ਮੱਧਕਾਲੀ ਪੰਜਾਬੀ ਸਾਹਿਤ ਦੇ ਅਜਿਹੇ ਕਵੀ ਹੋਏ ਹਨ ਜਿਨ੍ਹਾਂ ਨੂੰ ਕਾਦਰ ਨੇ ਆਪ ਉੱਚ ਪੱਧਰੀ ਅਤੇ ਸਰੋਦੀ ਕਵਿਤਾ ਰਚਨ ਦਾ ਹੁਨਰ ਬਖਸਿਸ਼ ਕੀਤਾ। ਉਹ ਸਮੁੱਚੀ ਉਪਦੇਸ਼ਤਮਕ ਅਲਾਹੀ ਅਮਰ ਅਤੇ ਅਤੁਲ ਬਾਣੀ ਦੀ ਰਚਨਾ ਕੀਤੀ ਜੋ ਰਾਗ ਬੱਧ, ਅਲੰਕਾਰਿਕ, ਰਸਭਰੀ ਛੰਦ ਬੱਧ, ਬਿੰਬਤਾਮਿਕ ਸੰਗੀਤਕ ਹੈ। ਉਹਨਾਂ ਨੇ ਵਹਿਮਾਂ, ਭਰਮਾਂ, ਭੁਲੇਖਿਆ, ਉਚਨੀਚ, ਪਾਖੰਡ, ਝੂਠ ਫਰੇਬ ਅਤੇ ਅਗਿਆਨਤਾ ਦੇ ਵੱਸ ਪਏ ਮਨੁੱਖ ਨੂੰ ਹਲੂਨਿਆ ਅਤੇ ਡੂੰਘੀ ਨੀਂਦਰ ਤੋ ਜਗਾਇਆ। ਗੁਰੂ ਨਾਨਕ ਦੇਵ ਸਮਕਾਲੀ ਭਾਰਤ ਦੀ ਖਾਸ ਕਰਕੇ ਰਾਜਨੀਤਿਕ ਪੰਜਾਬ ਦੀ ਰਾਜਨੀਤਕ ਵਿਵਸਥਾ ਪੂਰੀ ਤਰ੍ਹਾਂ ਚਰਮਰਾਈ ਹੋਈ ਸੀ। ਹਰ ਪਾਸੇ ਅਸਥਿਰਤਾ ਸੀ ਸਾਸ਼ਕ ਭ੍ਰਿਸ਼ਟ, ਭੋਗ ਵਿਲਾਸੀ ਅਤੇ ਸੱਤਾ ਲਾਲਚੀ ਸਨ। ਇਸਦੇ ਸਿੱਟੇ ਵਜੋਂ ਸਮਾਜਿਕ, ਆਰਥਿਕ ਅਤੇ ਧਾਰਮਿਕ ਹਾਲਤ ਵੀ ਬਦਤਰ ਹੋ ਗਏ ਸਨ। ਧਰਮ ਜਿਸਨੇ ਮਨੁੱਖ ਨੂੰ ਸਹੀ ਰਸਤਾ ਦਿਖਾਉਂਦਾ ਹੁੰਦਾ ਹੈ ਖੁਦ ਕੁਰਾਹੇ ਪੈ ਗਿਆ ਸੀ। ਅਜਿਹੀ ਸਥਿਤੀ ਵਿੱਚ ਗੁਰੂ ਜੀ ਨੇ ਵਿਗਿਆਨਕ ਦ੍ਰਿਸ਼ਟੀਕੋਣ ਰਾਹੀ ਧਰਮ ਦੀ ਵਿਆਖਿਆ ਕੀਤੀ।

"ਭਾਰਤ ਧਰਮ ਪ੍ਰਧਾਨ ਦੇਸ ਸੀ ਅਤੇ ਹੈ। ਇੱਥੇ ਅਨੇਕਾਂ ਧਰਮ ਵਿਕਸਿਤ ਹੋਏ। ਗੁਰੂ ਨਾਨਕ ਕਾਲ ਵਿੱਚ ਅਨੇਕਾਂ ਧਰਮ ਪ੍ਰਚਲਿਤ ਸਨ। ਇਸਲਾਮਮਤ, ਵੈਸ਼ਨਵ ਮਤ, ਨਾਮ ਮਤ, ਸਿਧ ਅਤੇ ਜੈਨ ਮੱਤ ਆਦਿ ਉਸ ਸਮੇਂ ਜਨਤਾ ਨੂੰ ਆਪਣੇ ਮਾਇਆ ਜਾਲ, ਕਰੀ ਬੈਠਾ ਸੀ ਤਾਂ ਕਈ ਭਸਮ ਮਲ ਰਿਹਾ ਸੀ। ਕਿਸੇ ਦੇ ਕੰਨ ਵਿੱਚ ਮੁੰਦਰਾ ਸਨ ਤਾਂ ਕੋਈ ਸਿਰ ਮੁੰਡਵਾਕੇ ਧੂਣੀ ਰਮਾ ਰਿਹਾ ਸੀ। ਅਜਿਹੇ ਹਾਲਾਤ ਵਿੱਚ ਉਨ੍ਹਾਂ ਤਤਕਾਲੀਨ ਧਾਰਮਿਕ ਜੀਵਨ ਦੀ ਅਲੋਚਨਾ ਕੀਤੀ। ਮੂਰਤੀ ਪੂਜਾ ਅਤੇ ਬਾਹਰੀ ਪਾਖੰਡਾ ਦਾ ਖੰਡਨ ਕੀਤਾ। ਧਰਮ ਦਾ ਅਸਲੀ ਰਾਹ ਦੱਸਿਆ"[1] ਗੁਰੂ ਜੀ ਸਮੇਂ ਹਿੰਦੂ ਧਰਮ ਅਤੀ ਨਾਜ਼ੁਕ ਸਥਿਤੀ ਵਿੱਚੋ ਗੁਜਰ ਰਿਹਾ ਸੀ। ਮੁਸਲਮਾਨ ਧਰਮ ਦਾ ਪ੍ਰਸਾਰ ਪ੍ਰਚਾਰ ਜੋਰਾਂ ਤੇ ਸੀ। ਜਦੋ ਰਾਜਸਾਹੀ ਆਪਣੇ ਧਰਮ ਦੇ ਫੈਲਾਅ ਲਈ ਪ੍ਰਤੀਬੱਧ ਹੋ ਜਾਂਦੀ ਹੈ ਤਾਂ ਉਹ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਹਰ ਤਰ੍ਹਾਂ ਦੇ ਹੱਥ ਕੰਢੇ ਅਪਣਾਉਂਦੀ ਹੈ। ਧਾਰਮਿਕ ਨੇਤਾ ਸੱਤਾ ਦਾ ਹੀ ਪੱਖ ਪੂਰਦੇ ਹਨ ਅਤੇ ਅਜਿਹੀ ਸਥਿਤੀ ਗੁਰੂ ਜੀ ਦੇ ਸਮੇਂ ਧਰਮ ਦੀ ਬਣੀ ਹੋਈ ਸੀ। ਧਰਮ ਦੀ ਹਾਨੀ ਨੇ ਮਨੁੱਖੀ ਕੀਮਤਾਂ ਨਸ਼ਟ ਕਰ ਦਿੱਤੀਆ ਸਨ। "ਧਰਮ ਦੀ ਹਾਨੀ ਮਨੁੱਖੀ ਜੀਵਨ ਵਿਚੋ ਸਦਾਚਾਰ ਦੇ ਮਨਫੀ ਹੋਣ ਦੀ ਨਿਸ਼ਾਨੀ ਹੈ। ਸਮਾਜ ਦਾ ਖਾਤਮਾ ਹੋ ਜਾਂਦਾ ਹੈ ਅਤੇ ਮਨੁੱਖ ਦੇ ਜੀਵਨ ਵਿੱਚ ਅਣਖ ਤੇ ਸਵੈਮਾਨ ਦਾ ਖਾਤਮਾ ਹੋ ਜਾਂਦਾ ਹੈ ਜਿਸ ਕਾਰਨ ਉਸ ਦੀ ਸਥਿਤੀ ਉਨ੍ਹਾਂ ਪਸ਼ੂਆਂ ਵਾਂਗ ਹੋ ਜਾਂਦੀ ਹੈ, ਜਿਨ੍ਹਾਂ ਨੂੰ ਜਿਹੜਾ ਮਰਜੀ ਜਿੱਧਰ ਨੂੰ ਲੈ ਜਾਵੇ, ਉਹ ਵਿਰੋਧ ਕਰਨ ਵਿੱਚ ਅਸਮਰਥ ਹੁੰਦੇ ਹਨ। ਏਸੇ ਕਰਕੇ ਇਸ ਧਰਤੀ ਤੇ ਹਮਲਾਵਰ ਆਉਂਦੇ ਰਹੇ ਅਤੇ ਸਮਾਂ ਪਾ ਕੇ ਉਨ੍ਹਾਂ ਏਥੇ ਆਪਣਾ ਰਾਜ ਸਥਾਪਤ ਕਰ ਲਿਆ। ਰਾਜ ਸਥਾਪਤ ਕਰਨ ਵਾਲੇ ਹਮਲਾਵਰਾਂ ਦਾ ਰਾਜ ਧਰਮ ਇਸਲਾਮ ਸੀ, ਜਿਸ

ਕਰਕੇ ਜਾਂਦੇ ਉਹ ਏਥੇ ਰਾਜ ਧਰਮ ਨੂੰ ਫੈਲਾਉਣ ਦਾ ਯਤਨ ਕਰਨ ਲੱਗੇ ਤਾਂ ਉਨ੍ਹਾਂ ਦੀ ਅਤੇ ਇਸਲਾਮ ਨੂੰ ਮੰਨਣ ਵਾਲੇ ਜਨ ਸਧਾਰਨ ਦੀ ਦੂਜੇ ਧਰਮ ਦੇ ਪੈਰੋਕਾਰਾ ਨਾਲ ਖਿੱਚੋਤਾਣ ਵੱਧਣ ਲੱਗੀ "[2]

ਗੁਰੂ ਜੀ ਦੇ ਸਮੇਂ ਨੈਤਿਕਤਾ ਅਤੇ ਸਦਾਚਾਰ ਸਮਾਜ ਵਿੱਚੋਂ ਆਲੋਪ ਹੋ ਰਹੇ ਸੀ ਜੋ ਧਾਰਮਿਕ ਕਦਰਾ ਕੀਮਤਾਂ ਵਿੱਚ ਆ ਰਹੀ ਗਿਰਾਵਟ ਦਾ ਸਿੱਟਾ ਸੀ। ਧਾਰਮਿਕ ਆਗੂ ਰਾਜਨੀਤਕ ਲੋਭ ਦੇ ਲਾਲਚੀ ਪੱਖ ਦੇ ਆਦੀ ਹੋ ਗਏ ਸਨ। ਗੁਰੂ ਜੀ ਨੇ ਤਿੰਨ ਪੱਖੀ ਸੁਧਾਰ ਲਈ ਮੁਹਿੰਮ ਵਿੱਢੀ ਉਹ ਸਨ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸੁਧਾਰ। ਪਹਿਲੇ ਦੋ ਪੱਖ ਰਾਜਨੀਤੀ ਤੋ ਪ੍ਰਭਾਵਿਤ ਸਨ । ਸਮਾਜ ਦੀ ਸਿਹਤ ਦਿਨ ਬ ਦਿਨ ਵਿਗੜ ਰਹੀ ਸੀ। ਗੁਰੂ ਜੀ ਨਵੇਂ ਸਮਾਜ ਦੀ ਉਸਾਰੀ ਦੇ ਲਈ ਅਗਰਸਰ ਸਨ। ਇਸੇ ਲਈ ਉਨ੍ਹਾਂ ਨੂੰ ਸਮਾਜ ਸੁਧਾਰਕ ਅਤੇ ਕ੍ਰਾਂਤੀਕਾਰੀ ਕਿਹਾ ਗਿਆ ਹੈ। "ਸਤਿਗੁਰੂ ਨਾਨਕ ਧਰਮ ਸੁਧਾਰ, ਭੁੱਲੇ ਭਟਕਿਆਂ ਨੂੰ ਸਿੱਧੇ ਰਾਸਤੇ ਤੇ ਪਾਉਣ, ਅਧਰਮ ਦਾ ਨਾਸ਼ ਕਰਨ, ਰਾਜਨੀਤੀ ਤੇ ਸਮਾਜ ਨੂੰ ਨਵਾਂ ਰੂਪ ਦੇਣ ਲਈ ਕਾਰਜ ਖੇਤਰ ਵਿੱਚ ਉੱਤਰੇ, ਉਸ ਵੇਲੇ ਭਾਰਤ ਬੜੇ ਹੀ ਨਾਜਕ ਦੌਰ ਵਿੱਚ ਗੁਜਰ ਰਿਹਾ ਸੀ। ਸਤਿਗੁਰੂ ਨੇ ਭਾਰਤ ਵਿੱਚ ਚੁਮੁੱਖੀ ਸੁਧਾਰ ਕੀਤਾ। ਗਰੀਬੀ ਦੂਰ ਕਰਨ ਲਈ ਕਈ ਆਰਥਿਕ ਸੁਧਾਰ ਕੀਤੇ। ਆਪ ਜੀ ਸੱਚ ਦੇ ਪੁਜਾਰੀ ਸਨ। ਦੁਨਿਆ ਦੀ ਕੋਈ ਸ਼ਕਤੀ ਆਪ ਨੂੰ ਸਚਾਈ ਪੇਸ਼ ਕਰਨ ਤੋ ਨਹੀ ਰੋਕ ਸਕੀ। ਉਸ ਵੇਲੇ ਭਾਰਤ ਦੀ ਨੈਤਿਕ ਅਵਸਥਾ ਵੀ ਸਮਾਜ ਦੀ ਆਧਾਰਸ਼ਿਲਾ ਰੱਖੀ। ਸਦਾਚਾਰ ਨੂੰ ਰੱਬ ਨਾਲੋ ਵੀ ਉੱਚਾ ਦੱਸਿਆ ਕਿਉਂਕਿ ਸਦਾਚਾਰ ਹੀ ਮਾਨਵਤਾ ਦੀ ਪੱਕੀ ਨੀਂਹ ਹੈ। ਜਿਸ ਉੱਪਰ ਸ਼ੁਭ ਅਤੇ ਦੇਵੀ ਗੁਣਾ ਨਾਲ ਬੁਲੰਦ ਇਮਾਰਤ ਬਨਾਈ ਜਾ ਸਕਦੀ ਹੈ।"[3]

ਗੁਰੂ ਜੀ ਸਮਕਾਲੀ ਪ੍ਰਮੁੱਖ ਦੋ ਸਭਿਆਚਾਰ ਹਿੰਦੂ ਅਤੇ ਮੁਸਲਿਮ, ਉਚ ਨੀਚ ਅਤੇ ਛੂਆਛੂਤ ਦੇ ਜਕੜ ਵਿੱਚ ਸਨ। ਮੁਸਲਿਮ ਸ਼ਾਸਕ ਆਪਣੇ ਧਰਮ ਦੇ ਸਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਦੂਜੇ ਸਭਿਆਚਾਰ ਨੂੰ ਭਾਰੀ ਹਾਨੀ ਪਹੁੰਚਾ ਰਹੇ ਸਨ। ਗੁਰੂ ਜੀ ਨੇ ਇੱਕ ਨਵੇ ਨਰੋਏ ਸਭਿਆਚਾਰ ਦੀ ਨੀਂਹ ਰੱਖੀ ਜੋ ਬਰਾਬਰੀ, ਸਮਾਨਤਾ ਅਤੇ ਭਾਈਚਾਰਾ ਤੇ ਆਧਾਰਿਤ ਸੀ। ਇਸ ਵਿੱਚ ਛੂਆਛੂਤ ਅਤੇ ਉਚ ਨੀਚ ਨੂੰ ਕੋਈ ਥਾਂ ਨਹੀ ਸੀ। ਸਭੈ ਸਾਂਝੀਵਾਲ ਸਦਾਇਣ ਦਾ ਨਾਅਰਾ ਬੁਲੰਦ ਕਰਦਾ ਸੀ।

"ਸਭਿਆਚਾਰ ਦਾ ਆਧਾਰ ਜੀਵਨ ਫਲਸਫਾ ਹੁੰਦਾ ਹੈ। ਸਮਾਜਿਕ ਦ੍ਰਿਸ਼ਟੀ ਤੇ ਗੁਰਮਤਿ ਦਾ ਸਭਿਆਚਾਰ ਹਿੰਦੂ ਤੇ ਇਸਲਾਮ ਦੇ ਸਭਿਆਚਾਰਾਂ ਨਾਲੋ ਵੱਖਰਾ ਹੈ। ਸਿੱਖ ਸਭਿਆਚਾਰ ਵਿੱਚ ਜਾਤ ਪਾਤ ਛੂਤ ਛਾਤ ਤੇ ਉਚ ਨੀਂਚ ਦੇ ਵਿਤਕਰਿਆਂ ਲਈ ਕੋਈ ਸਥਾਨ ਨਹੀ। ਗੁਰੂਦੁਆਰੇ ਵਿੱਚ ਪਾਠ ਪੂਜਾ ਕਰਨ ਦਾ ਅਧਿਕਾਰ, ਲੰਗਰ ਛਕਣ ਦਾ ਅਧਿਕਾਰ, ਅੰਮ੍ਰਿਤ ਛਕਣ ਦਾ ਅਧਿਕਾਰ ਸਭ ਲਈ ਇੱਕ ਸਮਾਨ ਹੈ। ਧਰਮ ਦੀ ਰੱਖਿਆ ਲਈ ਰਾਜਸੀ ਤਾਕਤ ਹੈ। ਧਰਮ ਸਭਿਆਚਾਰ ਦੀ ਰੱਖਿਆ ਲਈ ਰਾਜਸੀ ਤਾਕਤ ਹੈ। ਧਰਮ ਸਭਿਆਚਾਰ ਦੀ ਰੱਖਿਆ ਲਈ ਤਲਵਾਰ ਹੈ ਵਿਅਕਤੀਵਾਦ ਦਾ ਵਿਰੋਧ ਤੇ ਸਮਾਜਵਾਦ ਦੇ ਹੱਕ ਵਿੱਚ ਹੈ। ਸਾਝੇਂ ਹਿੱਤਾ ਲਈ ਹਿੱਤਾ ਦੀ ਕੁਰਬਾਨੀ ਦਿੰਦਾ ਹੈ, ਗੁਰਮਤਿ ਅਨੁਸਾਰ ਜੀਵਨ ਆਦਰਸ਼ ਸਭ ਦੀ ਭਲਾਈ ਹੈ, ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਆਦਿ ਨੂੰ ਗੁਰਮਤਿ ਭਾਈਚਾਰਕ ਕੀਮਤਾਂ ਕਿਹਾ ਜਾ ਸਕਦਾ ਹੈ ਨਾਮ ਜਪਣ ਨਾਲ ਨੇਕੀ ਪੱਕੀ ਹੁੰਦੀ ਹੈ। ਕਿਰਤ ਕਰਨ ਨਾਲ ਵਿਅਕਤੀ ਦੂਜੇ ਵਿਅਕਤੀ ਨੂੰ ਲੁੱਟ ਨਹੀ ਸਕਦੇ। ਵੰਡ ਛਕਣ ਸਮਾਨਤਾ ਤੇ ਪਿਆਰ ਦਾ ਜਜਬਾ ਹੁੰਦਾ ਹੈ।"[4]

ਧਰਮ ਲਈ ਵਿਸ਼ਵਵਿਆਪੀ ਹੋਣਾ ਲਾਜਮੀ ਹੁੰਦਾ ਹੈ। ਗੁਰੂ ਜੀ ਸਮਕਾਲੀ ਧਰਮ ਦਾ ਨਜਰੀਆਂ ਅਤਿ ਸੰਕੀਰਣ ਹੋ ਚੁੱਕਾ ਸੀ। ਧਰਮ ਕਿਸੇ ਪ੍ਰਕਾਰ ਦੇ ਬੰਧਨਾ ਦਾ ਮੁਥਾਜ ਨਹੀ ਹੁੰਦਾ। ਉਸ ਸਮੇਂ ਧਰਮ ਦਾ ਮੂਲ ਅਧਿਆਤਮ ਬੰਧਨਾਂ, ਨੇਮਾ ਵਿਚ ਜਕੜਿਆ ਹੋਇਆ ਸੀ। ਮਨੁੱਖ ਆਪਣੇ ਜੀਵਨ ਨੂੰ ਉਤਮ ਬਨਾਉਣ ਲਈ ਸੁਯੋਗ ਅਗਵਾਈ ਧਰਮ ਤੋ ਲੈਂਦਾ ਹੈ। ਸਮਕਾਲੀ ਧਰਮ ਇਸ ਅਗਵਾਈ ਤੋ ਵਿਮੁੱਖ ਅਤੇ ਨਾ ਕਾਬਿਲ ਸੀ। "ਆਤਮ ਵਿਕਾਸ ਦੇ ਜਿਸ ਗੁਣ ਦੀ ਸਿੱਖਿਆ ਗੁਰੂ ਨਾਨਕ ਬਾਣੀ ਵਿੱਚ ਮਿਲਦੀ ਹੈ। ਉਹ ਵਿਅਕਤੀ ਨੂੰ ਵਿਸ਼ਵ ਵਿਅਕਤੀ ਦੀ ਦ੍ਰਿਸਟੀ ਪ੍ਰਾਪਤ ਕਰਨ ਵਿੱਚ ਸਹਾਇਕ ਹੁੰਦੀ ਹੈ ਜੇ ਤੰਗ ਬੰਧਨਾ ਤੱਕ ਸੀਮਿਤ ਨਹੀ ਉਹ ਸਮੁੱਚੀ ਮਨੁੱਖਤਾ ਨੂੰ ਗੁਰੂ ਦੀ ਪ੍ਰੇਰਨਾ ਤੇ ਰਾਹਨੁਮਾਈ ਦੁਆਰਾ ਭਗਤ ਬਣਨ ਲਈ ਉਤਸਾਹਿਤ ਕਰਦੇ ਹਨ। ਗੁਰੂ ਸਹਿਬਾਨ ਅਨੁਸਾਰ ਭਗਤ ਆਪਣੇ

ਸਮਾਜਿਕ ਜੀਵਨ ਤੇ ਪੱਧਰ ਨੂੰ ਉਤਮ ਤੇ ਉੱਚ ਬਣਾਉਣ ਦਾ ਯਤਨ ਕਰਦਾ ਹੈ।"[5] ਗੁਰੂ ਜੀ ਦਾ ਅਜਿਹੇ ਸਮੇਂ ਆਗਮਨ ਹੋਇਆ ਜਿਸ ਸਮੇਂ ਲੋਕਾਂ ਵਿੱਚੋ ਉਸਾਰੂ ਅਧਿਆਤਮਕ ਕਦਰਾਂ ਕੀਮਤਾਂ ਜਿੰਦਗੀ ਜੀਣ ਦੀ ਜਾਂਚ ਆਦਿ ਸਭ ਲੋਪ ਹੋ ਰਹੇ ਸਨ। ਗੁਰੂ ਜੀ ਨੇ ਸਮੇਂ ਦੀ ਨਬਜ ਦੀ ਪਛਾਣ ਕੇ ਅਜਿਹੀ ਬਾਣੀ ਦੀ ਰਚਨਾ ਕੀਤੀ ਜਿਹੜੀ ਮਨੁੱਖ ਨੂੰ ਹਰ ਸਮਾਜਿਕ ਪੱਖ ਦੀਆਂ ਕਦਰਾਂ ਕੀਮਤਾਂ ਦੀ ਸੋਝੀ ਕਰਾਉਂਦੀ ਹੈ ਅਤੇ ਮਨੁੱਖ ਨੂੰ ਮਨੁੱਖੀ ਆਚਰਣ ਅਤੇ ਨਰੋਈ ਜੀਵਨ ਜਾਂਚ ਸਿਖਾਉਂਦੀ ਹੈ। ਗੁਰੂ ਜੀ ਨੇ ਅਧਰਮੀਆਂ ਨੂੰ ਲਲਕਾਰਿਆ। ਰੱਬ ਨੂੰ ਅਧਰਮੀਆਂ ਨੂੰ ਸੁਮੱਤ ਬਖਸ਼ਣ ਲਈ ਵੰਗਾਰਿਆ।

"ਗੁਰਬਾਣੀ ਦਾ ਮਨੋਰਥ ਲੋਕਾਂ ਦੇ ਆਚਰਣ ਵਿੱਚ ਲੋਪ ਹੋ ਚੁੱਕੀ ਅਣਖ ਅਤੇ ਸਵੈ ਮਾਣ ਨੂੰ ਜਗਾਉਂਣ ਹੈ। ਗੁਰੂ ਸਾਹਿਬਾਨ ਨੇ ਲੋਕਾਂ ਨੂੰ ਜਾਗਰੂਕ ਕਰ ਕੇ ਉਨ੍ਹਾਂ ਨੂੰ ਉਨ੍ਹਾਂ ਦਾ ਸੁਚੱਜਾ ਵਿਰਸਾ ਵਿਖਾਇਆ, ਵਹਿਮਾ ਭਰਮਾਂ ਤੋ ਰਹਿਤ ਸੱਚੀ ਜਿੰਦਗੀ ਜੀਉਣ ਦੀ ਜਾਂਚ ਸਿਖਾਈ। ਉਹਨਾਂ ਨੇ ਲੋਕਾਂ ਵਿੱਚ ਮੁੜ ਸੈਵ ਭਰੋਸੇ ਨੂੰ ਸੁਰਜੀਤ ਕਰਨ ਦੀ ਭਾਵਨਾ ਉਤੇਜਿਤ ਕੀਤੀ। ਉਨ੍ਹਾਂ ਲੋਕਾਂ ਨੂੰ ਵੰਗਰਿਆਂ ਜਿਨ੍ਹਾਂ ਵਿੱਚ ਪੱਤ ਤੇ ਬੇਪੱਤ ਦਾ ਇਤਹਾਸ ਖਤਮ ਹੋ ਚੁੱਕਾ ਸੀ।"[6] ਮਨੁੱਖ, ਸਮਾਜ, ਸਭਿਆਚਾਰ ਅਤੇ ਧਰਮ ਨੂੰ ਵੱਖ ਨਹੀ ਕੀਤਾ ਜਾ ਸਕਦਾ। ਮਨੁੱਖ ਸਮਾਜ ਵਿੱਚ ਵਿਚਰਦਾ ਸਭਿਆਚਾਰ ਦੀ ਉਸਾਰੀ ਕਰਦਾ ਹੈ ਅਤੇ ਧਰਮ ਤੋਂ ਸੇਧ ਲੈਂਦਾ ਹੈ। ਜਦੋ ਮਨੁੱਖਤਾ ਸਮਾਜਿਕ ਫਰਜਾਂ ਤੋ ਮਨੁੱਕਰ ਹੋ ਕੇ ਧਾਰਮਿਕ ਭ੍ਰਿਸ਼ਟਾਚਾਰ ਵਿੱਚ ਲਿਪਤ ਹੁੰਦੀ ਹੈ ਤਾਂ ਭੌਤਿਕਵਾਦੀ ਅਤੇ ਪਤਿਤ ਸਭਿਆਚਾਰ ਦਾ ਜਨਮ ਹੁੰਦਾ ਹੈ। ਗੁਰੂ ਜੀ ਦੀ ਸਮਕਾਲੀ ਪੰਜਾਬ ਦੀ ਨਿੱਤ ਦੀ ਮਾੜ ਧਾੜ, ਲੁੱਟ ਘਸੁੱਟ ਅਤੇ ਮੁਸਲਮਾਨੀ ਸਭਿਆਚਾਰ ਦੇ ਪਸਾਰ ਨੇ ਹਿੰਦੂ ਸੱਭਿਆਚਾਰ ਅਤੇ ਧਾਰਮਿਕ ਆਚਰਣ ਹੀਣਤਾ ਨੂੰ ਪੈਂਦਾ ਕੀਤਾ। ਗੁਰੂ ਜੀ ਆਪਣੀ ਬਾਣੀ ਰਾਹੀ ਸਮਕਾਲੀ ਬ੍ਰਾਹਮਣ ਕਾਜੀਆਂ ਦੀ ਆਚਰਣ ਹੀਲਣਾ ਦੀ ਤਸਵੀਰ ਸਮਾਜ ਨੂੰ ਵਿਖਾਈ। "ਨਿੱਤ ਦੀ ਲੁੱਟ ਖਸੁੱਟ, ਮਾਰ ਧਾੜ, ਰਾਜਨੀਤਿਕ ਅਸ਼ਾਤੀ ਅਤੇ ਧਾਰਮਿਕ ਵੱਖਰੇਵਿਆਂ ਨੇ ਲੋਕਾਂ ਦੇ ਆਚਰਣ ਤੇ ਬਹੁਤ ਮਾਰੂ ਪ੍ਰਭਾਵ ਪਾਇਆ। ਧਰਮ ਅਤੇ ਸਮਾਜ ਦਾ ਬਹੁਤ ਨੇੜੇ ਦਾ ਨਾਤਾ ਹੈ। ਇੱਕ ਦੇ ਪਤਿਤ ਹੋਇਆ ਦੂਜਾ ਵੀ ਗਿਰ ਜਾਂਦਾ ਹੈ। ਹਿੰਦੂਆਂ ਨੇ ਧਾਰਮਿਕ ਤੇ ਸਮਾਜਿਕ ਜੁਲਮਾਂ ਕਾਰਨ ਥਿੜਕਣਾਂ ਹੀ ਸੀ। ਮੁਸਲਮਾਨ ਵੀ ਗਿਰ ਗਏ ਸਨ। ਹਿੰਦੂਆਂ ਆਚਰਣ ਦੀ ਇੱਕ ਗਿਰਾਵਟ ਸਮਾਜ ਦੇ ਸਤੰਭਾ ਬ੍ਰਾਹਮਣਾ, ਕਾਜੀਆਂ ਤੱਕ ਆ ਗਈ ਸੀ। ਜੇ ਝੂਠ ਬੋਲਦੇ ਸਨ ਬਾਰਰੀ ਭੇਖ ਧਾਰਮਿਕ ਸੀ। ਪਰ ਅੰਦਰੇ ਜਾਲਿਮ ਸਨ। ਵੱਢੀ ਖਾ ਕੇ ਬੇਇਨਸਾਫੀ ਕਰ ਦਿੰਦੇ ਸਨ। ਸਿੱਟੇ ਵਜੋਂ ਲੋਕਾਂ ਵਿੱਚ ਧਾਰਮਿਕ ਤੇ ਸਮਾਜਿਕ ਆਚਰਣਹੀਣਤਾ ਦਾ ਆ ਜਾਣਾ ਬੜੀ ਸਾਧਾਰਣ ਗੱਲ ਸੀ। ਜੇ ਕਾਜੀ ਵੱਢੀ ਖਾ ਕੇ ਗਲਤ ਫੈਸਲਾ ਦਿੰਦਾ ਸੀ ਤਾਂ ਗਵਾਹ ਵੀ ਵੱਢੀ ਦੇ ਦੇ ਖਰੀਦੇ ਹੋਏ ਝੂਠੇ ਹੁੰਦੇ ਸਨ। ਧਾਰਮਿਕ ਨੇਤਾਵਾਂ ਅਤੇ ਲੋਕਾਂ ਦਾ ਆਚਰਣ ਐਨਾ ਗਿਰ ਚੁੱਕਾ ਸੀ ਕਿ ਜਿੱਥੇ ਆਪ ਝੂਠ ਬੋਲਦੇ ਸਨ ਵੱਢੀ ਖਾਦੇ ਸਨ ਉੱਥੇ ਦੂਜਿਆ ਨੂੰ ਮੱਤਾ ਦਿੰਦੇ ਸਨ। ਵੇਖਣ ਨੂੰ ਚੰਗੇ ਦਿਸਦੇ ਸਨ ਪਰ ਅਚਾਰਨ ਬਹੁਤ ਬੁਰੇ ਸਨ।"[7] ਗੁਰੂ ਜੀ ਸਮਕਾਲੀ ਧਰਮ ਹਿੰਦੂ ਸਾਧਾਂ, ਸੰਤਾਂ, ਬ੍ਰਾਹਮਣਾਂ, ਚੇਲਿਆਂ ਅਤੇ ਮੁਸਲਿਮ ਧਰਮ ਪੀਰਾਂ, ਫਕੀਰਾਂ, ਮੌਲੀਆਂ, ਸੂਫੀਆਂ, ਦਰਵੇਸਾਂ ਰਾਹੀ ਚਲਾਏ ਜਾ ਰਹੇ ਸਨ। ਇਨ੍ਹਾਂ ਵਿੱਚੋ ਕਈਆਂ ਨੇ ਸਮਾਜਿਕ ਏਕਤਾ ਅਤੇ ਧਾਰਮਿਕ ਸਹਿਣਸੀਲਤਾ ਦਾ ਸੰਦੇਸ਼ ਦਿੱਤਾ।

ਕੁਝ ਅਖੌਤੀ ਧਾਰਮਿਕ ਤੇ ਠੇਕੇਦਾਰ ਧਰਮ ਦੇ ਨਾਂ ਤੇ ਸਮਾਜਿਕ ਵੰਡੀਆਂ ਪਾ ਰਹੇ ਸਨ। ਅਜਿਹੀ ਸਥਿਤੀ ਵਿੱਚ ਧਰਮ ਵਿੱਚੋ ਸੱਚੇ ਸੁੱਚੇ ਅਧਿਆਤਮ ਦਾ ਆਲੋਪ ਹੋਣਾ ਸੁਭਾਵਿਕ ਸੀ। ਗੁਰੂ ਜੀ ਨੇ ਕਰਮ ਕਾਡਾਂ ਦਾ ਡੱਟ ਕੇ ਵਿਰੋਧ ਕੀਤਾ। "ਜਿਸ ਵੇਲੇ ਗੁਰੂ ਨਾਨਕ ਜੁਆਨ ਹੋਏ ਅਤੇ ਉਨ੍ਹਾਂ ਨੇ ਸਫ਼ਰ ਆਰੰਭਿਆ, ਸਾਰੇ ਕੰਮ ਵਿੱਚ ਸੂਫੀ ਪੀਰਾਂ, ਫਕੀਰਾਂ, ਮੁਰਸ਼ਕਾ ਤੇ ਸੇਖਾਂ ਦਾ ਇੱਕ ਜਾਲ ਜਿਹਾ ਵਿਛਿਆ ਹੋਇਆ ਸੀ। ਇਹ ਲੋਕ ਹਿੰਦੂ ਸਾਧਾਂ ਸੰਤਾ ਵਾਂਗ ਇੱਕ ਪ੍ਰਕਾਰ ਦਾ ਭਗਤੀ ਮਾਰਗ ਪ੍ਰਚਾਰ ਰਹੇ ਸਨ ਪਰ ਜਿਵੇਂ ਕਿ ਅਸੀ ਉੱਪਰ ਦੱਸ ਆਏ ਹਾਂ ਸੂਫੀ ਸੰਤ ਫਕੀਰ ਮੁਸਲਮਾਨੀ ਸ਼ਰਾ ਵਿੱਚੋ ਸਨ ਅਤੇ ਇਨ੍ਹਾਂ ਦੇ ਸਾਹਮਣੇ ਜਾਤ ਪਾਤ, ਉਚ ਨੀਚ ਆਦਿ ਦੀਆਂ ਉਹ ਸਕੀਆਂ ਤੇ ਪਕੀਆਂ ਵਿਤਕਰੇ ਪਾਉ ਲੀਹਾਂ ਨਹੀ ਸਨ ਜਿਨ੍ਹਾਂ ਨੇ ਹਿੰਦੂ ਸਮਾਜ ਨੂੰ ਲੀਰੇ ਲੀਰ ਕੀਤਾ ਹੋਇਆ ਸੀ ਅਤੇ ਜਿਸ ਦਾ

ਇੱਕੋ ਇੱਕ ਕਾਰਨ ਹਿੰਦੂ ਭਗਤਾ ਨੂੰ ਪੂਰਨ ਦੇਸ ਵਿੱਚ ਮੁਸਲਮਾਨੀ ਰਾਜ ਹੋਣ ਕਰਕੇ ਵੀ ਤੇ ਵੈਸੇ ਵੀ ਸ਼ਰਈ ਤਬਲੀਗੀ ਇਸਲਾਮ ਦਾ ਜੋਰ ਸੀ। ਭਾਵੇਂ ਇਸ ਗੱਲ ਤੇ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਦੇਸ਼ ਵਿੱਚ ਮੁਸਲਮਾਨਾਂ ਸੂਫੀਆਂ ਨੂੰ ਉਨ੍ਹਾਂ ਦੇ ਚੇਲਿਆ ਆਦਿ ਨੇ ਕਬੀਰ ਵਰਗੇ ਮਨੁੱਖਵਾਦੀ ਤਕਰਵਾਦੀਆ ਨੇ ਸਾਝੀ ਏਕਤਾ ਦੀ ਉਸਾਰੀ ਦੀ ਜਰੂਰ ਚਲਾ ਦਿੱਤੀ ਸੀ ਜਿਸ ਦਾ ਆਧਾਰ ਰੱਬ ਤੇ ਉਸਦੀ ਮਖਲੂਕ ਦੀ ਮੁਹੱਬਤ ਤੇ ਸੀ"[8] ਉਸ ਸਮੇਂ ਰਾਜਨੀਤਕ ਤੌਰ ਤੇ ਕਮਜੋਰ ਹਿੰਦੂ ਨਿਤਾਣੇ, ਕਮਜੋਰ, ਬੇਵੱਸ ਅਤੇ ਗੁਲਾਮ ਮਹਿਸੂਸ ਕਰਦੇ ਸਨ। ਮੁਸਲਮਾਨੀ ਸੱਤਾ ਦੇ ਕਾਬਜ ਹੋਣ ਕਰਕੇ ਹਿੰਦੂਆਂ ਤੇ ਅਤਿਆਚਾਰ ਆਮ ਸਨ। ਸੱਤਾਧਾਰੀ ਆਪਣੇ ਧਰਮ ਦਾ ਮੂਲ ਅਧਿਆਤਮ ਸੂਤਰ ਭੁਲਾ ਕੇ ਨਿਮਾਣੀ ਜਨਤਾ ਤੇ ਅਤਿਆਚਾਰ ਕਰਨਾ ਆਪਣਾ ਧਰਮ ਸਮਝ ਬੈਠੇ ਸਨ। ਹਿੰਦੂ ਧਾਰਮਿਕ ਲੀਡਰ ਕਰਮ ਕਾਂਡਾ, ਸੰਸਕਾਰਾ ਅਤੇ ਕਿਸਮਤ ਦੇ ਜਾਲ ਵਿੱਚ ਫਸੇ ਲੋਕਾਂ ਨੂੰ ਕੋਈ ਉਸਾਰੂ ਸੋਚ ਜਾ ਸੇਧ ਨਹੀ ਦੇ ਰਹੇ ਸਨ। ਗੁਰੂ ਜੀ ਨੇ ਦੋਨਾਂ ਧਰਮਾਂ ਦੇ ਪੈਰੋਕਾਰਾ ਨੂੰ ਸੇਧ ਦਿੱਤੀ।

"ਗੁਰੂ ਨਾਨਕ ਦੇ ਸਮੇਂ ਹਿੰਦੂ ਮਤ ਤੇ ਮੁਸਲਿਮ ਦੇ ਵੱਡੇ ਮਤ ਹਿੰਦੂਸਤਾਨ ਵਿੱਚ ਸਨ ਅਤੇ ਇਸ ਵਕਤ ਹਿੰਦੂ ਰਾਜਨੀਤਕ ਤੌਰ ਤੇ ਕਮਜੋਰ ਤੇ ਗੁਲਾਮ ਤੇ ਮੁਸਲਮਾਨ ਤਾਕਤਵਰ ਤੇ ਦੇਸ ਤੇ ਪੱਕੇ ਮਾਲਕ ਬਣ ਚੁੱਕੇ ਸਨ। ਗੁਰੂ ਨਾਨਕ ਨੇ ਜਿੱਥੇ ਹਿੰਦੂਆ ਦੀ ਰਾਜਨੀਤਿਕ ਕਮਜੋਰੀ ਤੇ ਮੁਸਲਮਾਨਾ ਦੀ ਤਾਕਤ ਵੇਖੀ ਉੱਥੇ ਨਾਲ ਹੀ ਦੋਹਾਂ ਦੇ ਧਰਮ ਵਿੱਚ ਵੀ ਗਿਰਾਵਟ ਆਉਂਦੀ ਵੇਖੀ। ਲੋਕਾਂ ਨੂੰ ਧਰਮ ਦਾ ਅਰਥ ਮਾਨੇ ਭੁਲ ਗਿਆ ਸੀ। ਮੁਸਲਮਾਨਾ ਵੱਲੋ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਉਣਾ ਉਨ੍ਹਾਂ ਦੇ ਮੰਦਰ ਢਾਹੁਣਾ, ਮੂਰਤੀਆਂ ਤੋੜਨਾ, ਉਨ੍ਹਾਂ ਤੇ ਵੱਡੇ ਕਰ ਲਾਉਣਾ ਅਤੇ ਉਨ੍ਹਾਂ ਦੀਆਂ ਇਸਤਰੀਆਂ ਤੇ ਬੇਪਤੀ ਕਰਨਾ ਆਪਣਾ ਧਰਮ ਸਮਝਦੇ ਸਨ। ਗਊ ਹੱਤਿਆ ਤੇ ਹਿੰਦੂਆਂ ਦੇ ਧਰਮ ਗਰੰਥ ਦਾ ਅਪਮਾਨ ਕਰਨਾ ਆਪਣੇ ਧਰਮ ਦਾ ਅੰਗ ਸਮਝ ਕੇ ਉਸਦੀ ਪਾਲਣਾ ਕਰ ਰਹੇ ਸਨ ਤੇ ਹਿੰਦੂਆਂ ਦਾ ਧਰਮ ਵੀ ਮੰਦਰਾਂ ਵਿੱਚ ਪੁਜਾਰੀਆਂ ਅਤੇ ਧਾਰਮਿਕ ਸੰਸਕਾਰ ਕਰਨ ਵਿੱਚ ਸੀ।"8 ਹਿੰਦੂ ਜਨਤਾ ਖੋਖਲੇ, ਬੇਲੋੜੇ ਕਰਮ ਕਾਡਾਂ ਅਤੇ ਰੀਤੀ -ਰਿਵਾਜ਼ਾਂ ਵਿੱਚ ਉਲਝੀ ਹੋਈ ਸੀ। ਧਰਮ ਦੇ ਨਾਂ ਤੇ ਦੰਗੇ ਫਸਾਦ ਅਤੇ ਝਗੜੇ ਆਮ ਸਨ। ਅਸਲ ਧਰਮ ਇਨਸਾਨੀਅਤ ਆਲੋਪ ਹੋ ਗਿਆ ਸੀ। ਰਾਜੇ ਆਪਣੇ ਫਰਜਾਂ ਤੋਂ ਮਨੁੱਕਰ ਸਨ। ਉਹ ਰਾਜ ਅਤੇ ਆਪਣੇ ਲਈ ਦੇਵੀ ਉੱਤਪਤੀ ਦੇ ਸਿਧਾਂਤ ਅਨੁਸਾਰ ਚਲਦੇ ਸਨ। "ਉਹ ਮੜੀ ਮਸਾਣ ਦੀ ਪੂਜਾ ਕਰਦੇ ਦੋਵੇ ਕੰਮਾ ਧਾਰਮਿਕ ਤੌਰ ਤੇ ਗਿਰਾਵਟ ਤੇ ਪਤਨ ਵੱਲ ਸਨ। ਹਿੰਦੂ ਮੁਸਲਮਾਨ ਦਾ ਝਗੜਾ, ਇਤਨਾ ਵੱਧ ਗਿਆ ਕਿ ਇਨ੍ਹਾਂ ਲੋਕਾਂ ਵਿੱਚੋ ਇਨਸਾਨੀਅਤ ਪਰ ਲਾ ਕੇ ਉੱਡ ਗਈ ਤੇ ਜਾਤ ਪਾਤ ਉਚ ਨੀਚ ਦਾ ਧੱਕਾ ਸੰਸਾਰ ਵਿੱਚ ਸਭ ਪਾਸੇ ਪਸਰਿਆ ਹੋਇਆ ਸੀ ਕਈ ਕਿਸੇ ਦਾ ਹੱਕ ਨਹੀ ਸੀ ਪਛਾਣਦਾ। ਰਾਜੇ ਕਸਾਈ ਬਣ ਗਏ ਸਨ ਤੇ ਉਨ੍ਹਾਂ ਨੂੰ ਪ੍ਰਜਾ ਪ੍ਰਤੀ ਆਪਣਾ ਫਰਜ਼ ਪਾਲਣ ਭੁੱਲਿਆ ਹੋਇਆ ਸੀ। ਉਹ ਲੋਕ ਆਪਣੇ ਆਪ ਨੂੰ ਵੱਡੇ ਪਰਮਾਤਮਾ ਅਖਵਾਉਂਦੇ ਸਨ। ਹਰ ਕੋਈ ਇੱਕ ਦੂਜੇ ਨੂੰ ਦੁੱਖ ਦੇ ਕੇ ਖੁਸ਼ ਹੁੰਦਾ ਇਹੋ ਹੀ ਇਸ ਸਮੇਂ ਦਾ ਧਰਮ ਸੀ।"[9]

ਵਿਸ਼ਲੇਸ਼ਣਾਤਮਕ ਤੌਰ ਤੇ ਨਤੀਜਾ ਇਹ ਨਿਕਲਦਾ ਹੈ ਕਿ ਗੁਰੂ ਨਾਨਕ ਦੇਵੀ ਜੀ ਦੇ ਸਮੇਂ ਦੀ ਰਾਜਨੀਤਕ ਅਤੇ ਸਮਾਜਿਕ ਹਾਲਾਤ ਹੀ ਧਾਰਮਿਕ ਅਧਿਆਤਮਕ ਗਿਰਾਵਟ ਦੇ ਮੁੱਖ ਕਾਰਨ ਬਣਦੇ ਹਨ। ਗੁਰੂ ਜੀ ਦੇ ਸਮੇਂ ਦੀ ਨਜਾਕਤ ਪਛਾਣਿਆ ਸਮੇਂ ਦੇ ਦੋਨੋ ਧਰਮਾਂ ਦੀ ਕਰੁੱਤੀਆਂ ਨੂੰ ਦੂਰ ਕਰਨ ਲਈ ਕ੍ਰਾਂਤੀਕਾਰੀ ਯਤਨ ਕੀਤੇ ਤੇ ਧੁਰ ਕੀ ਬਾਣੀ ਰਾਹੀ ਧਰਮ ਦੇ ਅਸਲ ਅਰਥ ਫ਼ਰਜ ਅਤੇ ਸਮਝਾਏ। ਉਨ੍ਹਾਂ ਸਮੇਂ ਦੀ ਰਾਜਨੀਤਕ ਧਾਰਮਿਕ ਸਥਿਤੀ ਦੀ ਵਾਸਤਵਿਕ ਤਸਵੀਰ ਪੇਸ਼ ਕੀਤੀ। ਜਿਸ ਨਾਲੇ ਪੰਜਾਬ ਵਿੱਚ ਇੱਕ ਨਵੇ ਨਰੋਏ ਧਰਮ ਤੇ ਸ਼ਭਿਆਚਾਰ ਦਾ ਅਗਾਜ ਹੋਇਆ ਅਤੇ ਜਨਤਾ ਇੱਕ ਅਧਿਆਤਮਕ ਸੂਤਰ ਵਿੱਚ ਪਰੋਈ ਗਈ।

## ਹਵਾਲੇ ਤੇ ਟਿੱਪਣੀਆਂ

1. ਡਾ. ਹਰਚਨ ਸਿੰਘ ਖੋਜ ਪੱਤ੍ਰਿਕਾ,

| | | | |
|---|---|---|---|
| | (ਸੰਪਾਦਕ) | ਗੁਰੂ ਨਾਨਕ ਵਿਸ਼ੇਸ ਅੰਕ ਨਵੰਬਰ 1969 ਅੰਕ 3 | 206 |
| 2. | ਡਾ. ਸਰਬਜਿੰਦਰ ਸਿੰਘ | ਨਾਨਕ ਪ੍ਰਕਾਸ਼ ਪੱਤ੍ਰਿਕਾ | |
| | (ਸੰਪਾਦਕ) | ਅੰਕ ਪਹਿਲਾ, ਜੂਨ 2014 | 123 |
| 3. | ਪ੍ਰੋ. ਰਤਨ ਸਿੰਘ ਜੱਗੀ | ਖੋਜ ਪਤ੍ਰਿਕਾ, ਸਤੰਬਰ 1985 | 69 |
| 4. | - ਉਹੀ - | - ਉਹੀ - | 325 |
| 5. | - ਉਹੀ - | - ਉਹੀ - | 326 |
| 6. | - ਉਹੀ - | - ਉਹੀ - | 326 |
| 7. | ਡਾ. ਹਰਚਰਨ ਸਿੰਘ | ਖੋਜ ਪੱਤ੍ਰਿਕਾ | |
| | ਮੁੱਖ ਸੰਪਾਦਕ | ਨਵੰਬਰ 1969 ਅੰਕ 3 | 73 |
| 8. | - ਉਹੀ - | - ਉਹੀ - | 106 |
| 9. | - ਉਹੀ - | - ਉਹੀ- | 236 |